ਨਿਯਮ ਅਤੇ ਸਰਤਾਂ:-

1) ਮਗਨਰੇਗਾ ਅਧੀਨ ਰੱਖੇ ਜਾਣ ਵਾਲੇ ਸਟਾਫ ਨੂੰ ਤਨਖਾਹ ਪ੍ਰਾਪਤ ਗ੍ਰਾਂਟ ਦੀ 5.75% ਕੰਟਨਜੈਂਸੀ ਵਿੱਚੋ ਉਹਨਾਂ ਦੇ ਕੰਮ ਦੀ ਕਾਰਗੁਜਾਰੀ ਦੇਖ ਕੇ ਜਾਰੀ ਕੀਤੀ ਜਾਵੇਗੀ।

2) ਜਿਹਨਾਂ ਉਮੀਦਵਾਰਾਂ ਨੇ ਪਹਿਲਾ ਆਨ ਲਾਈਨ ਅਪਲਾਈ ਕੀਤਾ ਹੋਇਆ ਹੈ, ਉਹਨਾਂ ਉਮੀਦਵਾਰਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਜਰੂਰਤ ਨਹੀਂ ਹੈ ਅਤੇ ਨਾ਼ ਹੀ ਦੁਬਾਰਾ ਫੀਸ ਭਰਨ ਦੀ ਜਰੂਰਤ ਹੈ। ਉਹ ਉਮੀਦਵਾਰ ਆਪਣੇ ਲੋੜੀਂਦੇ ਯੋਗਤਾ ਸਰਟੀਫਿਕੇਟ ਸਮੇਤ ਅਪਲਾਈ ਕੀਤੇ ਫਾਰਮ ਦੀ ਕਾਪੀ, 3 ਪਾਸਪੋਰਟ ਸਾਈਜ ਦੀਆਂ ਤਾਜਾ ਫੋਟੋਆਂ, ਬੈਂਕ ਵਿੱਚ ਜਮਾਂ ਕਰਵਾਈ ਗਈ ਰਕਮ ਦੀ ਰਸੀਦ ਅਤੇ ਜਾਤੀ ਸਰਟੀਫਿਕੇਟ ਦੀ ਕਾਪੀ ਮਿਤੀ 15/07/2020 ਤੋਂ 17/07/2020 ਤੱਕ ਇਸ ਦਫਤਰ ਵਿਖੇ ਜਮਾਂ ਕਰਵਾਏਗਾ।

3) ਜਿਹਨਾਂ ਉਮੀਦਵਾਰਾਂ ਨੇ ਪਹਿਲਾ ਆਨ ਲਾਈਨ ਅਪਲਾਈ ਨਹੀਂ ਕੀਤਾ, ਉਹ ਉਮੀਦਵਾਰ ਵੀ ਆਪਣੇ ਲੋੜੀਂਦੇ ਯੋਗਤਾ ਸਰਟੀਫਿਕੇਟ ਸਮੇਤ faridkot.nic.in ਤੋਂ ਡਾਊਨ ਲੋਡ ਕੀਤੇ ਫਾਰਮ ਦੀ ਕਾਪੀ, 3 ਪਾਸਪੋਰਟ ਸਾਈਜ ਦੀਆਂ ਤਾਜਾ ਫੋਟੋਆਂ, ਜਾਤੀ ਸਰਟੀਫਿਕੇਟ ਦੀ ਕਾਪੀ ਅਤੇ ਬੈਂਕ ਡਿਮਾਂਡ ਡਰਾਫਟ, (ਜਨਰਲ ਸ੍ਰੇਣੀ ਲਈ 200/- ਰੁਪੈ ਅਤੇ ਐਸ.ਈ. ਸ੍ਰੇਣੀ ਲਈ 100/- ਰੁਪੈ) ਜੋ਼ ਕਿ ਡਿਪਟੀ ਕਮਿਸ਼ਨਰ-ਕਮ- ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ(ਮਗਨਰੇਗਾ), ਫਰੀਦਕੋਟ ਦੇ ਨਾਮ ਤੇ, ਮਿਤੀ 15/07/2020 ਤੋਂ 17/07/2020 ਤੱਕ ਇਸ ਦਫਤਰ ਵਿਖੇ ਜਮਾਂ ਕਰਵਾਏਗਾ।

4) ਇੰਟਰਵਿਊ ਦਾ ਸਡਿਊਲ ਅਸਾਮੀ ਵਾਈਜ ਵੱਖਰੇ ਤੌਰ ਤੇ ਅਖਬਾਰ, ਜਿਲ੍ਹਾ ਪ੍ਰੀਸ਼ਦ ਮਗਨਰੇਗਾ ਸੈੱਲ ਤੇ ਨੋਟਿਸ ਬੋਰਡ/ faridkot.nic.in ਤੇ ਲਗਾ ਦਿੱਤਾ ਜਾਵੇਗਾ।

5) ਯੋਗ ਉਮੀਦਵਾਰ ਇੰਟਰਵਿਊ ਸਮੇਂ ਆਪਣੇ ਅਸਲ ਯੋਗਤਾ ਸਰਟੀਫਿਕੇਟ ਨਾਲ ਲੈ ਕੇ ਆਵੇਗਾ।

6) ਉਮੀਦਵਾਰ ਦੀ ਉਮਰ ਦੀ ਹੱਦ ਮਿਤੀ 01-07-2020 ਨੂੰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਾ ਹੋਵੇ। ਰਿਜਰਵ ਕੈਟਾਗਿਰੀ ਲਈ ਉਮਰ ਦੀ ਹੱਦ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗੀ।

7) ਉਮੀਦਵਾਰ ਮੈਟ੍ਰਿਕ ਤੱਕ ਪੰਜਾਬੀ ਪਾਸ ਹੋਣਾ ਚਾਹੀਦਾ ਹੈ।

8) ਇੰਟਰਵਿਊ ਲਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

9) ਡਾਟਾ ਐਂਟਰੀ ਅਪਰੇਟਰਾਂ ਦੀ ਅਸਾਮੀ ਲਈਯੋਗ ਉਮੀਦਵਾਰਾਂ ਦਾ ਟਾਈਪ ਟੈਸਟ ਪੰਜਾਬੀ ਦਾ 30 ਸ਼ਬਦ ਪ੍ਰਤੀ ਮਿੰਟ (ਰਾਵੀ ਅਤੇ ਅਸੀਸ Font ਵਿੱਚ) ਅਤੇ ਅੰਗਰੇਜੀ ਦਾ 40 ਸ਼ਬਦ ਪ੍ਰਤੀ ਮਿੰਟ ਸਪੀਡ ਅਨੁਸਾਰ ਵੀ ਲਿਆ ਜਾਵੇਗਾ।

10) ਅਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।

11) ਇਹ ਭਰਤੀ ਬਿਲਕੁਲ ਆਰਜੀ ਹੈ ਅਤੇ ਕਿਸੇ ਸਮੇਂ ਵੀ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਸੇਵਾਵਾਂ ਖਤਮ ਕੀਤੀਆਂ ਜਾ ਸਕਦੀਆਂ ਹਨ।

12) ਅਪਲਾਈ ਕਰਨ ਵਾਲੇ ਉਮੀਦਵਾਰਾਂ ਵਿੱਚੋ ਯੋਗ ਉਮੀਦਵਾਰਾਂ ਦੀ ਵਾਕ-ਇੰਨ-ਇੰਟਰਵਿਊ ਲੈਣ ਉਪਰੰਤ ਚੋਣ ਕੀਤੀ ਜਾਵੇਗੀ।

13) ਫਾਰਮ ਜਿਲ੍ਹਾ ਪੱਧਰ ਦੀ ਵੈਬਸਾਈਟ faridkot.nic.in ਤੋਂ ਡਾਊਨਲੋਡ ਅਤੇ ਮਗਨਰੇਗਾ ਸੈੱਲ, ਜਿਲ੍ਹਾ ਪ੍ਰੀਸ਼ਦ ਕੀਤਾ ਜਾ ਸਕਦਾ ਹੈ।

14) ਕਿਸੇ ਕਿਸਮ ਦੀ ਜਾਣਕਾਰੀ ਲਈ ਇਸ ਦਫਤਰ ਦੇ ਫੋਨ ਨੰਬਰ 01639-256101 ਤੇ ਦਫਤਰੀ ਕੰਮ-ਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

15) ਜਿਲ੍ਹਾ ਫਰੀਦਕੋਟ ਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

16) ਕੇਵਲ ਮਗਨਰੇਗਾ ਅਧੀਨ ਤਜਰਬਾ ਰੱਖਣ ਵਾਲੇ ਉਮੀਦਵਾਰਾਂ ਦਾ ਹੀ ਤਜਰਬਾ ਪ੍ਰਵਾਨ ਕੀਤਾ ਜਾਵੇਗਾ।

17) ਅਸਾਮੀਆਂ ਦੀ ਗਿਣਤੀ ਵਧਾਈ-ਘਟਾਈ ਜਾ ਸਕਦੀ ਹੈ।

18) ਰਿਜਰਵੇਸ਼ਨ ਪਾਲਿਸੀ ਰਾਜ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗੀ, ਜੋ਼ ਕਿ ਇੰਟਰਵਿਊ ਤੋਂ ਪਹਿਲਾ ਕੈਟਾਗਿਰੀ ਵਾਈਜ ਲਿਸਟ ਮਗਨਰੇਗਾ ਸੈੱਲ ਜਿਲ੍ਹਾ ਪ੍ਰੀਸ਼ਦ ਦੇ ਨੋਟਿਸ ਬੋਰਡ ਤੇ ਚਸਪਾ/ faridkot.nic.in ਤੇ ਪਾ ਦਿੱਤੀ ਜਾਵੇਗੀ।

19) ਦਿੱਤੇ ਗਏ ਇਸ਼ਤਿਹਾਰ ਮੁਤਾਬਿਕ ਭਰਤੀ ਦੀ ਪ੍ਰਕਿਰਿਆ ਰੱਦ ਕਰਨ ਦਾ ਅਧਿਕਾਰ ਗਠਿਤ ਕਮੇਟੀ ਪਾਸ ਹੋਵੇਗਾ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ)
ਫਰੀਦਕੋਟ।